# ਤੁਲਾ ਧਾਰਿ ਤੋਲੇ ਸੁਖ ਸਗਲੇ

**ਗਉੜੀ ਮਹਲਾ ੫ ॥**

**ਹਰਿ ਪੇਖਨ ਕਉ ਸਿਮਰਤ ਮਨੁ ਮੇਰਾ॥**
**ਆਸ ਪਿਆਸੀ ਚਿਤਵਉ ਦਿਨੁ ਰੈਨੀ**
**ਹੈ ਕੋਈ ਸੰਤੁ ਮਿਲਾਵੈ ਨੇਰਾ॥੧॥ਰਹਾਉ॥**

ਇਹ ਸ਼ਬਦ, ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਨੇ ਗਉੜੀ ਰਾਗ ਵਿਚ, ਉਚਾਰਣ ਕੀਤਾ ਹੈ। ਇਹ ਅੰਕ ੨੦੪ ਤੇ ਸੁਸ਼ੋਭਿਤ ਹੈ।

-- ਸਤਿਗੁਰੂ, ਇਕ ਭਗਤ ਦੀ, ਜੀਵ ਇਸਤਰੀ ਰੂਪ ਵਿਚ ਪ੍ਰਭੂ ਪਤੀ ਨਾਲ ਪ੍ਰੀਤ ਦੀ ਅਵੱਸਥਾ ਬਿਆਨ ਕਰਦੇ ਹਨ ਕਿ ਉਸ ਦਾ ਮਨ, ਹਰੀ ਪਰਮਾਤਮਾ ਦੇ ਦਰਸ਼ਨ ਪ੍ਰਾਪਤ ਕਰਨ ਲਈ, ਸਿਮਰਨ ਕਰਦਾ ਰਹਿੰਦਾ ਹੈ।

ਇਥੇ ਸਪੱਸ਼ਟ ਹੋ ਰਿਹਾ ਹੈ ਕਿ ਸਿਮਰਨ ਕਰਨ ਦਾ ਮਨੋਰਥ ਕੋਈ ਦੁਨਿਆਵੀ ਉਪਲਭਧੀ ਨਹੀਂ ਸਗੋਂ ਸਿਰਫ਼ ਅਤੇ ਸਿਰਫ਼ ਪ੍ਰਭੂ ਦੇ ਦਰਸ਼ਨ ਹਨ।

-- ਭਗਤ ਦੀ ਬਿਰਹ, ਪੁਕਾਰ ਕੇ ਕਹਿੰਦੀ ਹੈ ਕਿ ਮੈਂ, ਉਸਦੇ ਦਰਸ਼ਨਾਂ ਦੀ ਆਸ ਦੀ ਲਗੀ ਹੋਈ ਪਿਆਸ ਕਰਕੇ, ਦਿਨ ਰਾਤ ਉਸਦਾ ਸਿਮਰਨ ਕਰਦੀ ਹਾਂ ਪਰ ਕਾਸ਼ ! ਕੋਈ ਐਸਾ ਸੰਤ ਮਿਲ ਪਵੇ ਜੋ ਨੇੜਿਓ ਹੀ, ਭਾਵ, ਸੁਖੈਨ ਮਾਰਗ ਰਾਹੀਂ, ਮੈਨੂੰ ਉਸ ਪਤੀ ਹਰੀ ਨਾਲ ਮਿਲਾ ਦੇਵੇ !੧।ਰਹਾਉ। (ਇਹੀ ਸੰਤ ਦਾ ਮਿਲਣਾ ਹੀ ਇਸ ਸ਼ਬਦ ਦਾ ਕੇਂਦਰੀ ਵਿਸ਼ਾ ਹੈ।)

ਇਨ੍ਹਾਂ ਪੰਕਤੀਆਂ ਵਿਚ ਇਹ ਸਪੱਸ਼ਟ ਹੋ ਰਿਹਾ ਹੈ ਕਿ :

1. ਹਰੀ, ਪ੍ਰਭੂ ਦੇ ਦਰਸ਼ਨ ਅਤਿਅੰਤ ਜ਼ਰੂਰੀ ਹਨ। ਗੁਰਬਾਣੀ ਵਿਚ ਥਾਂ ਥਾਂ ਤੇ ਮਨੁਖਾ ਜਨਮ ਦਾ ਲਖ਼ਸ਼, ਪਰਮਾਤਮਾ ਨਾਲ ਮਿਲਾਪ ਹੀ ਦਸਿਆ ਗਿਆ ਹੈ। ਅੰਕ ੧੨ ਤੇ ਅੰਕਤ ਹੈ - 'ਭਈ ਪਰਾਪਤਿ ਮਾਨੁਖ ਦੇਹੁਰੀਆ॥ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥' ਅੰਕ ੧੭੬ ਤੇ - 'ਮਿਲੁ ਜਗਦੀਸ ਮਿਲਨ ਕੀ ਬਰੀਆ॥ ਚਿਰੰਕਾਲ ਇਹ ਦੇਹ ਸੰਜਰੀਆ॥'
2. ਹਰੀ ਨੂੰ ਮਿਲਣ ਲਈ ਸਿਮਰਣ ਕਰਨਾ ਜ਼ਰੂਰੀ ਹੈ।
3. ਸਿਮਰਣ ਦੇ ਨਾਲ ਨਾਲ ਪ੍ਰਭੂ ਦੇ ਮਿਲਾਪ ਲਈ ਪਿਆਸ ਹੋਣੀ ਚਾਹੀਦੀ ਹੈ, ਅਤੇ ਜਿਸ ਨੂੰ ਪਿਆਸ ਲਗੀ ਹੈ ਉਸ ਬਾਰੇ ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਜਿਸ ਨੂੰ ਪ੍ਰਭੂ ਦੇ ਦਰਸ਼ਨਾਂ ਦੀ ਪਿਆਸ ਲਗ ਗਈ ਹੈ, ਮੈਂ ਉਸ ਤੋਂ ਬਲਿਹਾਰ ਬਲਿਹਾਰ ਜਾਂਦਾ ਹਾਂ - 'ਜਿਸੁ ਜਨ ਕਉ ਪ੍ਰਭ ਦਰਸ ਪਿਆਸਾ॥ ਨਾਨਕ ਤਾ ਕੈ ਬਲਿ ਬਲਿ ਜਾਸਾ॥', ਅੰਕ ੨੬੬.
4. ਸਿਮਰਨ ਦਾ ਰਾਹ, ਇਕੋ ਇਕ ਰਾਹ ਜ਼ਰੂਰ ਹੈ ਪਰ ਇਹ ਕੋਈ ਜਾਦੂ ਨਹੀਂ ਕਿ ਕੁਝ ਸਿਮਰਣ ਕਰ ਲਿਆ ਤੇ ਬਸ ਸਰ ਗਿਆ। ਬਹੁਤ ਮਿਹਨਤ, ਮੁਸ਼ੱਕਤ, ਘਾਲਣਾ ਦੀ ਲੋੜ ਹੈ।

5. ਸੰਤ ਦੇ ਮਿਲਣ ਨਾਲ ਕੰਮ ਸੁਖੈਨ ਅਤੇ ਜਲਦੀ ਹੋ ਜਾਂਦਾ ਹੈ। ਗੁਰਬਾਣੀ, ਇਸ ਸ਼ਬਦ ਦੀਆਂ ਆਖਰੀ ਪੰਕਤੀਆਂ ਵਿਚ, ਇਸ ਤੱਥ ਦੀ ਗਵਾਹੀ ਭਰਦੀ ਹੈ।

**ਸੇਵਾ ਕਰਉ ਦਾਸ ਦਾਸਨ ਕੀ ਅਨਿਕ ਭਾਂਤਿ ਤਿਸੁ ਕਰਉ ਨਿਹੋਰਾ॥**
**ਤੁਲਾ ਧਾਰਿ ਤੋਲੇ ਸੁਖ ਸਗਲੇ ਬਿਨੁ ਹਰਿ ਦਰਸ ਸਭੋ ਹੀ ਥੋਰਾ॥੧॥**

– – ਜੇ ਮੈਨੂੰ ਕੋਈ ਰੱਬ ਦਾ ਪਿਆਰਾ, ਭਾਵ, ਸੰਤ ਮਿਲ ਪਏ ਅਤੇ ਉਸ ਸੰਤ ਦਾ ਸੰਗੀ ਜਾਂ ਦਾਸ ਵੀ ਮਿਲ ਪਏ ਤਾਂ ਮੈਂ ਉਸਦੀ ਸੇਵਾ ਕਰਕੇ ਅਨੇਕਾਂ ਢੰਗਾਂ ਨਾਲ ਪ੍ਰਭੂ ਪ੍ਰਾਪਤੀ ਲਈ ਉਸ ਦੇ ਤਰਲੇ ਕਰ ਲਵਾਂਗੀ।

ਸ੍ਰੀ ਗੁਰੂ ਅਰਜਨ ਸਾਹਿਬ ਜੀ ਦਾ, ਅੰਕ ੧੨੦੭ ਤੇ ਫ਼ੁਰਮਾਣ ਹੈ ਕਿ ਪਿਆਰੇ ਪ੍ਰਭੂ ਦੇ ਇਕ ਖਿੰਨ ਲਈ ਵੀ ਦਰਸ ਦਿਖਾ ਦੇਣ ਤਾਂ ਮੈਂ ਉਸ ਸਾਧੂ ਤੋਂ, ਸੰਤ ਤੋਂ ਬਲਿਹਾਰ ਜਾਵਾਂ। ਇਸ ਲਈ ਮੈਂ ਉਸ ਸਾਧੂ ਜਾਂ ਸੰਤ ਦੇ ਬਹੁਤ ਬਹੁਤ ਅਨੇਕ ਤਰਲੇ ਮਿੰਨਤਾਂ ਕਰ ਲਵਾਂ ਅਤੇ ਸਾਰੇ ਦਿਨ ਰਾਤਾਂ ਉਨ੍ਹਾਂ ਦੀ ਸੇਵਾ ਕਰੀ ਜਾਵਾਂ – 'ਏਕ ਨਿਮਖ ਪ੍ਰਿਅ ਦਰਸੁ ਦਿਖਾਵੈ ਤਿਸੁ ਸੰਤਨ ਕੈ ਬਲਿ ਜਾਂਈ॥ ਕਰਉ ਨਿਹੋਰਾ ਬਹੁਤੁ ਬੇਨਤੀ ਸੇਵਉ ਦਿਨ ਰੈਨਾਈ॥' ੨੬੬ ਅੰਕ ਤੇ ਫ਼ੁਰਮਾਣ ਹੈ – 'ਚਾਰਿ ਪਦਾਰਥ ਜੇ ਕੋ ਮਾਗੈ॥ ਸਾਧ ਜਨਾਂ ਕੀ ਸੇਵਾ ਲਾਗੈ॥.....'

– – ਮੈਂ ਆਪਣੇ ਸਾਰੇ ਦੇ ਸਾਰੇ ਸੁਖ ਤਕੜੀ ਵਿਚ ਤੋਲ ਕੇ, ਹਰੀ ਦੇ ਦਰਸ਼ਨਾਂ ਦੇ ਵੱਟੇ ਵਿਚ, ਉਸ ਸੰਤ ਸਾਧੂ ਨੂੰ ਦੇ ਦਿਆਂ। ਕਿਉਂਕਿ ਹਰੀ ਦੇ ਦਰਸ਼ਨਾਂ ਦੇ ਬਿਨਾਂ ਹਰ ਤਰ੍ਹਾਂ ਦੀ, ਕਿਸੇ ਵੀ ਤਰ੍ਹਾਂ ਦੇ ਸੁਖ ਦੀ ਪ੍ਰਾਪਤੀ, ਬਹੁਤ ਹੀ ਥੋੜੀ ਹੈ। ਪ੍ਰਭੂ ਦੇ ਦਰਸ਼ਨਾਂ ਦੇ ਵੱਟੇ ਵਿਚ ਕੁਝ ਵੀ ਅਰਪਣ ਕਰ ਦਿਆਂ, ਥੋੜਾ ਹੀ ਰਹੇਗਾ।੧।

ਹਰੀ ਪ੍ਰਭੂ ਦੇ ਦਰਸ਼ਨਾਂ ਦਾ ਪਦਾਰਥ ਇਤਨਾ ਕੀਮਤੀ ਹੈ ਕਿ ਸੋਨਾ ਚਾਂਦੀ ਦੀ ਭੇਂਟ ਨਾਲ, ਇਹ ਪ੍ਰਾਪਤੀ ਨਹੀਂ ਹੁੰਦੀ, ਇਸ ਦੇ ਲਈ ਮਨ ਦੀ ਭੇਟਾ ਦੇਣੀ ਪੈਂਦੀ ਹੈ। ਇਸੇ ਲਈ ਤਾਂ ਭਗਤ ਕਬੀਰ ਜੀ ਨੇ ਬਚਨ ਕੀਤੇ ਹਨ – 'ਕੰਚਨ ਸਿਉ ਪਾਈਐ ਨਹੀ ਤੋਲਿ॥ ਮਨੁ ਦੇ ਰਾਮੁ ਲੀਆ ਹੈ ਮੋਲਿ॥', ਪੰਨਾ ੩੨੭. ਇਹ ਵੀ ਫ਼ੁਰਮਾਣ ਕਰਦੇ ਹਨ ਕਿ ਹਰ ਕੋਈ ਇਸ ਦਾ ਗਾਹਕ ਵੀ ਨਹੀਂ ਹੁੰਦਾ, ਇਸ ਲਈ, ਇਸ ਗੁਥੀ, ਖ਼ਜ਼ਾਨੇ ਦਾ ਮੂੰਹ ਤਦ ਹੀ ਖੋਲਣਾ ਚਾਹੀਦਾ ਹੈ ਜਦੋਂ ਕੋਈ ਵਿਰਲਾ ਪਾਰਖੂ, ਇਸਦਾ ਇਤਨਾ ਮਹਿੰਗਾ ਮੁਲ ਤਾਰਣ ਲਈ ਤਿਆਰ ਹੋਵੇ, ਭਾਵ, ਆਪਣਾ ਮਨ ਅਰਪਣ ਕਰ ਸਕੇ – 'ਕਬੀਰ ਰਾਮ ਰਤਨੁ ਮੁਖੁ ਕੋਥਰੀ ਪਾਰਖ ਆਗੈ ਖੋਲਿ॥ ਕੋਈ ਆਇ ਮਿਲੈਗੋ ਗਾਹਕੀ ਲੇਗੋ ਮਹਗੇ ਮੋਲਿ॥', ਪੰਨਾ ੧੩੭੬.

ਦਰਸ਼ਨ ਤਾਂ ਬਹੁਤ ਵਡੀ ਗਲ ਹੈ। ਬਾਣੀ ਤਾਂ ਫ਼ੁਰਮਾਣ ਕਰਦੀ ਹੈ ਕਿ ਮੈਨੂੰ ਤਾਂ ਮੇਰੇ ਪ੍ਰੀਤਮ ਪ੍ਰਭੂ ਦੀ, ਕੋਈ ਬਾਤ ਹੀ ਸੁਣਾ ਦੇਵੇ ਤਾਂ ਮੈਂ ਉਸ ਨੂੰ ਵੱਟੇ ਵਿਚ ਕੀ ਦਿਆਂ ? ਮੈਂ ਆਪਣਾ ਸੀਸ ਵੱਢ ਕੇ, ਉਸ ਪਿਆਰੇ ਦੇ ਬਹਿਣ ਦੀ ਥਾਂ ਬਣਾ ਦਿਆਂ ਤੇ ਬਿਨਾਂ ਸਿਰ ਤੋਂ ਹੀ ਉਸ ਦੀ ਸੇਵਾ ਕਰੀ ਜਾਵਾਂ – 'ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ॥ ਸੀਸੁ ਵਢੇ ਕਰਿ ਬੈਸਣਿ ਦੀਜੈ ਵਿਣੁ ਸਿਰ ਸੇਵ ਕਰੀਜੈ॥', ਅੰਕ ੫੫੮.

ਅਜਿਹਾ ਕਿਉਂ ? ਕਿਉਂਕਿ :

**ਸੰਤ ਪ੍ਰਸਾਦਿ ਗਾਏ ਗੁਨ ਸਾਗਰ ਜਨਮ ਜਨਮ ਕੋ ਜਾਤ ਬਹੋਰਾ॥**
**ਆਨਦ ਸੂਖ ਭੇਟਤ ਹਰਿ ਨਾਨਕ ਜਨਮੁ ਕ੍ਰਿਤਾਰਥੁ ਸਫਲੁ ਸਵੇਰਾ॥੨॥੪॥**

– – ਮੈਂ, ਸੰਤ ਦੀ ਕਿਰਪਾ ਨਾਲ ਹੀ ਗੁਣਾਂ ਦੇ ਸਾਗਰ ਪ੍ਰਭੂ ਦੇ ਗੁਣਾਂ ਦਾ ਗਾਨ ਕੀਤਾ ਹੈ ਜਿਸ ਨਾਲ ਮੇਰਾ ਵਾਰ ਵਾਰ ਜਨਮ ਲੈਣ ਦਾ ਗੇੜਾ ਮੁਕ ਗਿਆ ਹੈ।

ਸੰਤ ਦੀ ਕਿਰਪਾ ਸਦਕਾ ਹੀ ਗੁਣਾਂ ਦੇ ਸਮੁੰਦਰ, ਹਰੀ ਦੇ ਗੁਣ ਗਾਏ ਜਾ ਸਕਦੇ ਹਨ। ਸਾਧੂ ਦੀ ਕਿਰਪਾ ਨਾਲ ਹੀ ਤਾਂ ਸਿਮਰਣ ਸੰਭਵ ਹੈ। ਕਿਉਂਕਿ ਨਾਮ ਦਾ ਖ਼ਜ਼ਾਨਾ ਹੈ ਹੀ ਭਗਤਾਂ ਦੇ

ਕੋਲ, ਜਿਵੇਂ ਕਿ ਪੰਚਮ ਪਾਤਸ਼ਾਹ ਸੁਖਮਨੀ ਸਾਹਿਬ ਵਿਚ ਫ਼ੁਰਮਾਉਂਦੇ ਹਨ ਕਿ ਨਾਮ ਦੇ ਖਜ਼ਾਨੇ ਦਾ ਬਿਸਰਾਮ ਜਾਂ ਟਿਕਾਣਾ, ਭਗਤਾਂ ਦੇ ਹਿਰਦੇ ਵਿਚ ਹੁੰਦਾ ਹੈ - '**ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥ ਭਗਤ ਜਨਾ ਕੈ ਮਨਿ ਬਿਸ੍ਰਾਮ॥**' **ਜ਼ਾਹਰ ਹੈ, ਜਿਥੇ ਟਿਕਾਣਾ ਹੋਏਗਾ ਉਥੋਂ ਹੀ ਪ੍ਰਾਪਤ ਹੋਏਗਾ।** ਪਾਤਸ਼ਾਹ ੭੪੯ ਪੰਨੇ ਤੇ, ਫ਼ਿਰ ਬਚਨ ਕਰਦੇ ਹਨ - 'ਭਾਗਠੜੇ ਹਰਿ ਸੰਤ ਤੁਮਾਰੇ ਜਿਨ ਘਰਿ ਧਨੁ ਹਰਿ ਨਾਮਾ॥' ਭਗਤ ਕਬੀਰ ਜੀ ਦਾ ਫ਼ੁਰਮਾਣ ਹੈ - 'ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ॥', ਅੰਕ ੧੩੭੩. ਇਸ ਨਾਮ ਦੇ ਅਨਮੋਲ ਖ਼ਜ਼ਾਨੇ ਦੀ ਪ੍ਰਾਪਤੀ ਲਈ, ਵਡੀ ਤੋਂ ਵਡੀ ਕੀਮਤ ਵੀ, ਅਸਲ ਵਿਚ ਬਹੁਤ ਤੁੱਛ ਹੈ। ਇਸਦੇ ਵੱਟੇ ਵਿਚ ਸਭ ਕੁਝ ਦੇ ਦੇਣ ਵਾਲਿਆਂ ਦਾ ਮਹਾਨ ਇਤਿਹਾਸ ਹੈ।

ਇੰਵ ਸਿਮਰਨ ਕਰਕੇ ਹੀ ਜੀਵ, ਇਤਨੇ ਜਨਮਾਂ ਵਿਚ ਭਟਕਦਾ ਹੋਇਆ, ਮੁੜ ਆਉਂਦਾ ਹੈ, ਭਾਵ, ੮੪ ਲਖ ਜੂਨਾਂ ਦੇ ਜਨਮ ਮਰਨ ਦੇ ਗੇੜੇ ਤੋਂ ਵਾਪਸ ਮੋੜ ਲਿਆਇਆ ਜਾਂਦਾ ਹੈ। ਸਾਖੀ ਹੈ ਕਿ ਸ੍ਰੀ ਗੁਰੂ ਨਾਨਕ ਸਾਹਿਬ ਕਿਸੇ ਜੰਗਲ ਵਿਚ, ਭਾਈ ਮਰਦਾਨਾ ਜੀ ਨਾਲ ਬਿਰਾਜਮਾਨ ਸਨ। ਉਨ੍ਹਾਂ ਨੇ ਭਾਈ ਮਰਦਾਨਾ ਜੀ ਨੂੰ, ਕਿਸੇ ਦੀ ਬਲਦੀ ਚਿਖਾ ਵਲ ਉਂਗਲ ਨਾਲ ਕੁਝ ਇਸ਼ਾਰਾ ਕੀਤਾ। ਉਨ੍ਹਾਂ ਦੇ, ਉਸ ਵਲ ਇਸ਼ਾਰਾ ਕਰਣ ਮਾਤਰ ਨਾਲ ਹੀ, ਉਸ ਜੀਵ ਨੂੰ ਜਮਾਂ ਤੋਂ ਛੁਡਾਉਣ ਲਈ, ਵਾਹਿਗੁਰੂ ਜੀ ਦੇ ਸੇਵਕ ਪੁਜ ਗਏ ਸਨ, ਭਾਵੇਂ ਉਸ ਦੇ, ਉਸ ਜਨਮ ਦੇ ਕਰਮ ਕਿਹੋ ਜਿਹੇ ਵੀ ਰਹੇ ਹੋਣ। ਇਹ ਹੀ ਹੁੰਦੀ ਹੈ ਸੰਤ ਦੀ ਕਿਰਪਾ ਦੀ ਵਡਿਆਈ। ਫ਼ਿਰ, **ਕਿਥੇ ਗਿਆ, ਗੁਣਾਂ, ਅਉਗੁਣਾਂ ਦਾ ਲੇਖਾ ਜੋਖਾ ?** ਬਾਬੇ ਦੇ ਇਕ ਇਸ਼ਾਰੇ ਮਾਤਰ ਨਾਲ, ਉਸ ਜੀਵ ਦੇ, ਜਨਮਾਂ ਜਨਮਾਂ ਦੇ ਸੁਤੇ ਕਰਮ ਜਾਗ ਪਏ। ਇਹੋ ਜਿਹਾ ਮਹਾਤਮਾ, ਕਿਤੇ, ਪੂਰਬਲੇ ਭਾਗਾਂ ਨਾਲ ਮਿਲਦਾ ਹੈ - 'ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥ ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ॥', ਪੰਨਾ ੨੦੪. ਗੁਣ ਅਤੇ ਕਰਮ, ਅਸੀਮ Absolute ਜਾਂ ਅੰਤਮ ਸਚ ਨਹੀਂ ਹਨ। ਅਸਲ ਵਿਚ ਗੁਰੂ ਦੀ ਕਿਰਪਾ ਹੀ ਅਸੀਮ Absolute ਅੰਤਮ ਸਚ Final ਹੈ। ਜਿਸ ਮਨੁਖ ਦੇ ਸਰੀਰ ਵਲ ਬਾਬਾ ਜੀ ਦਾ ਇਸ਼ਾਰਾ ਹੋ ਗਿਆ, ਰਸਿਕ ਬੈਰਾਗੀ, ਸਾਧੂ, ਗੁਰੂ ਨਾਨਕ ਦੇ ਦਰਸ਼ਨ ਮਾਤਰ ਨਾਲ ਹੀ ਸਭ ਕਿਵਾੜ ਖੁਲ ਗਏ, ਸਾਰੇ ਕੀਤੇ ਪਾਪਾਂ ਦਾ ਨਾਸ ਹੋ ਗਿਆ ਅਤੇ ਉਸ ਦੇ ਕਰਮਾਂ ਦੇ ਸਾਰੇ ਲੇਖੇ ਧਰਮਰਾਜ ਦੇ ਦਰਬਾਰ ਵਿਚੋਂ ਪਾਟ ਗਏ ਤੇ ਫ਼ਾਈਲ ਬਾਬੇ ਨਾਨਕ ਕੋਲ ਚਲੀ ਗਈ, ਜਿਥੇ ਜਮਾਂ ਦੀ ਪਹੁੰਚ ਨਹੀਂ - 'ਦਰਸਨੁ ਸਾਧ ਮਿਲਿਓ ਵਡਭਾਗੀ ਸਭ ਕਿਲਬਿਖ ਗਏ ਗਵਾਝਾ॥.. ਧਰਮ ਰਾਇ ਦਰਿ ਕਾਗਦ ਫਾਰੇ ਜਨ ਨਾਨਕ ਲੇਖਾ ਸਮਝਾ॥'

-- ਸਾਧੂ ਦੇ ਕਿਰਪਾ ਕਰਣ ਦੇ ਨਤੀਜੇ ਵਜੋਂ ਹਰੀ ਪ੍ਰਭੂ ਦੇ ਦਰਸ਼ਨ ਅਤੇ ਦਰਸ਼ਨਾਂ ਦੇ ਨਾਲ ਹੀ ਪਰਮ ਅਨੰਦ ਦੀ ਪ੍ਰਾਪਤੀ ਹੋ ਜਾਂਦੀ ਹੈ, ਜਿਸ ਨਾਲ ਮਨੁਖਾ ਜਨਮ, ਸਮੇਂ ਸਿਰ, ਭਾਵ, ਇਸੇ ਜਨਮ ਵਿਚ, ਸਫ਼ਲਾ ਹੋ ਜਾਂਦਾ ਹੈ, ਵਰਨਾ, ਸਿਰਫ਼ ਆਪਣੇ ਸਿਮਰਨ ਕੀਤਿਆਂ, ਕੀ ਪਤਾ ਕਿੰਨਾ ਸਮਾਂ ਜਾਂ ਕਿੰਨੇ ਜਨਮ ਲਗ ਜਾਣ ! ਅਤੇ ਮੇਰਾ ਜਨਮ ਮੇਰੇ ਗੁਰੂ ਦਾ ਧੰਨਵਾਦੀ ਬਣ ਗਿਆ ਹੈ, ਕਿਉਂਕਿ ਮੇਰੇ ਲਈ ਇਕ ਨਵਾਂ ਸਵੇਰਾ ਹੋਇਆ ਹੈ, ਸੂਰਜ ਚੜ੍ਹਿਆ ਹੈ, ਭਾਵ, ਮੈਨੂੰ ਚਾਨਣ, ਪ੍ਰਭੂ ਗਿਆਨ ਦੀ ਪ੍ਰਾਪਤੀ ਹੋ ਗਈ ਹੈ।੨।੪।

ਪੰਜਵੇਂ ਪਾਤਸ਼ਾਹ, ਪੰਨਾ ੧੦੧ ਤੇ ਫ਼ੁਰਮਾਣ ਕਰਦੇ ਹਨ ਕਿ ਜਦੋਂ ਤੋਂ ਮੈਨੂੰ ਸਾਧੂ ਸੰਗਤਿ ਦੀ

ਪ੍ਰਾਪਤੀ ਹੋਈ ਹੈ ਤਦੋਂ ਤੋਂ ਗੁਰੂ ਨਾਲ ਮਿਲਾਪ ਹੋ ਗਿਆ ਹੈ ਅਤੇ ਮੇਰੀਆਂ ਸਾਰੀਆਂ ਬਲਾਵਾਂ, ਭਾਵ, ਵਿਕਾਰਾਂ ਦਾ ਨਾਸ ਹੋ ਗਿਆ ਹੈ। ਹੁਣ ਮੇਰਾ ਸੁਆਸ ਸੁਆਸ ਸਿਮਰਨ ਚਲ ਪਿਆ ਹੈ ਅਤੇ ਮੇਰੇ ਸਤਿਗੁਰ ਨੇ, ਮੇਰਾ ਪਾਪਾਂ ਰੂਪੀ ਪੜਦਾ ਢਕ ਦਿਤਾ ਹੈ - 'ਜਬ ਤੇ ਸਾਧੂ ਸੰਗਤਿ ਪਾਏ॥ ਗੁਰ ਭੇਟਤ ਹਉ ਗਈ ਬਲਾਏ॥ ਸਾਸਿ ਸਾਸਿ ਹਰਿ ਗਾਵੈ ਨਾਨਕੁ ਸਤਿਗੁਰ ਢਾਕਿ ਲੀਆ ਮੇਰਾ ਪੜਦਾ ਜੀਉ॥' ਵਾਹਗੁਰੂ ਨੇ ਮੈਨੂੰ ਸੰਤਾਂ ਦੀ ਸੰਗਤਿ ਦਾ ਸਦਕਾ ਜਨਮ ਮਰਣ ਤੋਂ ਬਚਾ ਲਿਆ ਹੈ ਕਿਉਂਕਿ ਗੁਰੂ ਨੇ ਮੇਰੇ ਪਾਪਾਂ ਤੇ ਪੜਦਾ ਪਾ ਕੇ ਮੈਨੂੰ ਢਕ ਲਿਆ ਹੈ - 'ਨਿਰਗੁਣੁ ਰਾਖਿ ਲੀਆ ਸੰਤਨ ਕਾ ਸਦਕਾ॥ ਸਤਿਗੁਰਿ ਢਾਕਿ ਲੀਆ ਮੋਹਿ ਪਾਪੀ ਪੜਦਾ॥', ਪੰਨਾ ੧੧੧੭.